# COVID-19: ਕਾਰੋਬਾਰਾਂ ਅਤੇ ਸਮਾਗਮਾਂ ਲਈ ਬੀਮਾ

## ਕਾਰੋਬਾਰਾਂ ਲਈ ਬੀਮਾ ਸੰਬੰਧੀ ਜਾਣਕਾਰੀ

ਵਾਸ਼ਿੰਗਟਨ ਰਾਜ ਦੇ ਕਾਰੋਬਾਰ ਮਾਲਕ ਆਮ ਤੌਰ 'ਤੇ ਆਪਣੇ ਆਪ ਨੂੰ ਸੰਭਾਵੀ ਨੁਕਸਾਨਾਂ ਤੋਂ ਬਚਾਉਣ ਲਈ ਬੀਮਾ ਕਵਰੇਜ ਖਰੀਦਦੇ ਹਨ। ਕੋਰੋਨਾਵਾਇਰਸ (COVID-19) ਦੇ ਫੈਲਣ ਨਾਲ, ਕਾਰੋਬਾਰ ਮਾਲਕਾਂ ਦਾ ਇਹ ਸਵਾਲ ਹੋ ਸਕਦਾ ਹੈ ਕਿ ਕੀ ਉਹਨਾਂ ਦੀ ਮੌਜੂਦਾ ਬੀਮਾ ਪਾਲਸੀ ਇਸ ਕਿਸਮ ਦੇ ਨੁਕਸਾਨ ਨੂੰ ਕਵਰ ਕਰਦੀ ਹੈ।

### ਤੁਹਾਨੂੰ ਕਿਸ ਚੀਜ਼ ਦਾ ਬੀਮਾ ਕਰਵਾਉਣਾ ਚਾਹੀਦਾ ਹੈ

ਕਿਸੇ ਵੀ ਛੂਤ ਦੀ ਬਿਮਾਰੀ, ਜਿਵੇਂ ਕਿ COVID-19 ਦੇ ਕਾਰਨ ਹੋਣ ਵਾਲੇ ਕਿਸੀ ਵਪਾਰਕ ਨੁਕਸਾਨਾਂ ਨੂੰ ਕਵਰ ਕਰਨ ਲਈ, ਤੁਹਾਡੇ ਵੱਲੋਂ ਆਪਣੀ ਪਾਲਸੀ ਦੇ ਨਾਲ ਇੱਕ ਵਾਧੂ ਛੋਟ ਖਰੀਦੀ ਹੋਣੀ ਚਾਹੀਦੀ ਹੈ।

ਆਪਣੇ ਬੀਮਾ ਏਜੰਟ ਜਾਂ ਬੀਮਾ ਕੰਪਨੀ ਨਾਲ ਸਿੱਧਾ ਸੰਪਰਕ ਕਰੋ ਅਤੇ ਪਤਾ ਲਗਾਓ ਕਿ ਕੀ ਤੁਹਾਡੇ ਕੋਲ ਪਹਿਲਾਂ ਤੋਂ ਹੀ ਇਹ ਵਧੀਕ ਬੀਮਾ ਸੁਰੱਖਿਆ ਹੈ। ਜੇਕਰ ਤੁਹਾਡੇ ਕੋਲ ਵਧੀਕ ਬੀਮਾ ਕਵਰੇਜ ਨਹੀਂ ਹੈ ਅਤੇ ਇਸ ਨੂੰ ਖਰੀਦਣਾ ਚਾਹੁੰਦੇ ਹੋ, ਤਾਂ ਇਸ ਦੀ ਉਪਲਬਧਤਾ ਦੇਖਣ ਲਈ ਆਪਣੇ ਬੀਮਾ ਏਜੰਟ ਜਾਂ ਕੰਪਨੀ ਦੇ ਨਾਲ ਸੰਪਰਕ ਕਰੋ।

ਜੇਕਰ ਤੁਸੀਂ ਮਹਾਂਮਾਰੀ ਦੇ ਫੈਲਣ ਤੋਂ ਪਹਿਲਾਂ ਇਹ ਵਧੀਕ ਛੋਟ ਨਹੀਂ ਖਰੀਦੀ ਅਤੇ ਤੁਸੀਂ ਇਸ ਨੂੰ ਖਰੀਦਣਾ ਚਾਹੁੰਦੇ ਹੋ, ਤਾਂ ਹੋ ਸਕਦਾ ਹੈ ਕਿ ਬੀਮਾਕਰਤਾ ਤੁਹਾਨੂੰ ਇਹ ਛੋਟ ਨਾ ਵੇਚਣਾ ਚਾਹੁੰਦਾ ਹੋਵੇ।

## ਸਮਾਗਮ ਦੇ ਰੱਦ ਹੋਣ ਸੰਬੰਧੀ ਬੀਮਾ

ਆਮ ਤੌਰ 'ਤੇ ਸਮਾਗਮ ਦੀਆਂ ਜਗ੍ਹਾਵਾਂ ਵੱਲੋਂ ਇਹ ਲੋੜੀਂਦਾ ਹੁੰਦਾ ਹੈ ਕਿ ਤੈਅ ਕੀਤੇ ਸਮਾਗਮ ਨੂੰ ਬੁਕ ਕਰਨ ਵਾਲੇ ਵਿਅਕਤੀ ਜਾਂ ਕੰਪਨੀ ਵੱਲੋਂ ਸਮਾਗਮ ਦੇ ਰੱਦ ਹੋਣ ਸੰਬੰਧੀ ਬੀਮਾ ਕਰਾਇਆ ਹੋਵੇ। ਛੂਤ ਦੀ ਬਿਮਾਰੀ ਦੇ ਫੈਲਾਅ ਲਈ ਬਿਮਾ ਸੁਰੱਖਿਆ ਆਮ ਤੌਰ 'ਤੇ ਸਧਾਰਨ ਸਮਾਗਮ ਦੇ ਰੱਦ ਹੋਣ ਸੰਬੰਧੀ ਬੀਮਾ ਪਾਲਸੀ ਵਿੱਚ ਸ਼ਾਮਲ ਨਹੀਂ ਹੁੰਦੀ। ਇਸ ਕਿਸਮ ਦਾ ਬੀਮਾ ਸਿਰਫ ਅਜਿਹੇ ਜੋਖਮਾਂ ਨੂੰ ਕਵਰ ਕਰਦਾ ਹੈ:

- ਖਰਾਬ ਮੌਸਮ
- ਕੁਦਰਤੀ ਆਫਤਾਂ
- ਮਜ਼ਦੂਰ ਝਗੜੇ
- ਆਤੰਕਵਾਦ ਗਤੀਵਿਧੀਆਂ
- ਗੈਰ-ਕਨੂੰਨੀ ਬੇਦਖਲੀ
- ਹਾਜ਼ਰ ਨਾ ਹੋ ਸਕਣਾ

### ਤੁਹਾਨੂੰ ਕਿਸ ਚੀਜ਼ ਦਾ ਬੀਮਾ ਕਰਵਾਉਣਾ ਚਾਹੀਦਾ ਹੈ

ਤੁਸੀਂ ਛੂਤ ਦੀ ਬਿਮਾਰੀ ਦੇ ਕਾਰਨ ਕਿਸੇ ਸਮਾਗਮ ਦੇ ਰੱਦ ਹੋਣ ਨੂੰ ਕਵਰ ਕਰਨ ਲਈ ਆਪਣੀ ਸਮਾਗਮ ਰੱਦ ਹੋਣ ਸੰਬੰਧੀ ਬੀਮਾ ਪਾਲਸੀ ਵਿੱਚ ਇੱਕ ਵਧੀਕ ਛੋਟ ਖਰੀਦ ਸਕਦੇ ਹੋ। ਜੇਕਰ ਤੁਹਾਡਾ ਬੀਮਾਕਰਤਾ ਇਸ ਕਿਸਮ ਦੀ ਛੋਟ ਨਹੀਂ ਵੇਚਦਾ, ਤਾਂ ਤੁਹਾਨੂੰ ਕਿਸੇ ਹੋਰ ਬੀਮਾਕਰਤਾਵਾਂ ਤੋਂ ਇਸ ਨੂੰ ਖਰੀਦਣਾ ਚਾਹੀਦਾ ਹੈ।

ਇਸ ਗੱਲ ਤੋਂ ਸਚੇਤ ਰਹੋ ਕਿ ਜੇਕਰ ਤੁਸੀਂ ਮਹਾਂਮਾਰੀ ਫੈਲਣ ਤੋਂ ਪਹਿਲਾਂ ਵਧੀਕ ਛੋਟ ਨਹੀਂ ਖਰੀਦਦੇ ਅਤੇ ਤੁਹਾਨੂੰ ਕਿਸੇ ਸਮਾਗਮ ਨੂੰ ਰੱਦ ਕਰਨ ਦੀ ਲੋੜ ਹੈ, ਤਾਂ ਬੀਮਾਕਰਤਾ ਰੱਦ ਹੋਣ ਵਾਸਤੇ ਬੀਮਾ ਸੁਰੱਖਿਆ ਮੁਹੱਈਆ ਕਰਨ ਲਈ ਪਾਲਸੀ 'ਤੇ ਪਹਿਲਾਂ ਦੀ ਤਰੀਕ ਨਹੀਂ ਪਾ ਸਕਦਾ। ਹੋ ਸਕਦਾ ਹੈ ਕਿ ਬੀਮਾਕਰਤਾ ਇਸ ਕਿਸਮ ਦੀ ਛੋਟ ਨੂੰ ਵੇਚਣਾ ਵੀ ਨਾ ਚਾਹੁਣ।

**ਧਿਆਨ ਦਿਓ:** Office of the Insurance Commissioner (ਬੀਮਾਕਰਤਾ ਕਮਿਸ਼ਨਰ ਦਾ ਦਫਤਰ) ਬੀਮਾਕਰਤਾਵਾਂ ਨੂੰ ਕਿਸੇ ਵੀ ਕਿਸਮ ਦੀ ਬੀਮਾ ਸੁਰੱਖਿਆ ਜਾਂ ਪਾਲਸੀ ਛੋਟ ਗਾਹਕਾਂ ਨੂੰ ਵੇਚਣ ਲਈ ਕਹਿਣ ਦਾ ਅਧਿਕਾਰ ਨਹੀਂ ਰੱਖਦਾ।

**ਕੀ ਤੁਹਾਡੇ ਬੀਮੇ ਨੂੰ ਲੈ ਕੇ ਕੋਈ ਸਵਾਲ ਹਨ?**
www.insurance.wa.gov
1-800-562-6900

OFFICE of the INSURANCE COMMISSIONER WASHINGTON STATE

facebook.com/wsoic twitter.com/WA_OIC medium.com/commissioners-eye-on-insurance